1

# ਆਓ ਕਸਮਾਂ ਖਾਈਏ

ਪਾਠ ਦਾ ਉਦੇਸ਼—ਵਿੱਦਿਆ ਦਾ ਮਹੱਤਵ ਦਰਸਾਉਣਾ ਤੇ ਵੱਧ ਤੋਂ ਵੱਧ ਵਿੱਦਿਆ ਪ੍ਰਾਪਤੀ ਲਈ ਯਤਨ ਕਰਨ ਦੀ ਪ੍ਰੇਰਨਾ ਦੇਣੀ।

ਅਨਪੜ੍ਹਤਾ ਹੈ ਘੋਰ ਹਨ੍ਹੇਰਾ।
ਜਿਸ ਘਰ ਵਿੱਚ ਇਹ ਲਾਏ ਡੇਰਾ।
ਓਥੇ ਚਾਨਣ ਰਹਿ ਨਹੀਂ ਸਕਦਾ।
ਬੰਦਾ ਕੁਝ ਵੀ ਕਹਿ ਨਹੀਂ ਸਕਦਾ।
ੳ ਅ ਪੜ੍ਹਦੇ ਜਾਓ।
ਇਲਮ ਦੀ ਪੌੜੀ ਚੜ੍ਹਦੇ ਜਾਓ।
ਵਿੱਦਿਆ ਦਾ ਦੀਵਾ ਜਗ ਜਾਏ।
ਨ੍ਹੇਰਾ ਡਰੇ ਦੂਰ ਭੱਜ ਜਾਏ।
ਬਿਨ ਵਿਦਿਆ ਘੱਟੇ ਵਿੱਚ ਰੁਲਦਾ।
ਬੰਦਾ ਰਹੇ ਨਾ ਕੌਡੀ ਮੁੱਲ ਦਾ।
ਹਰ ਬੱਚੇ ਨੂੰ ਪੜ੍ਹਨੇ ਪਾਓ।
ਵਿੱਦਿਆ ਦਾ ਚਾਨਣ ਫੈਲਾਓ।
ਜੋ ਅੰਗੂਠਾ ਛਾਪ ਹੈ ਬੰਦਾ।
ਉਹ ਤਾਂ ਪਸ਼ੂ ਸਮਾਨ ਹੈ ਬੰਦਾ।
ਕਾਗ਼ਜ਼ ਕਲਮ ਬਣਾ ਲਓ ਬੇਲੀ।
ਕੁੜੀਆਂ ਦੀ ਕਿਤਾਬ ਸਹੇਲੀ।
ਆਓ ਰਲ ਮਿਲ ਕਸਮਾਂ ਖਾਈਏ।
ਅਨਪੜ੍ਹਤਾ ਨੂੰ ਦੂਰ ਭਜਾਈਏ।



## ਯਾਦ ਰੱਖਣ ਯੋਗ ਗੱਲਾਂ :

- ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਅਖਵਾਉਂਦੀ ਹੈ।
- ਹਰ ਬੱਚੇ ਨੂੰ ਵਿੱਦਿਆ ਪ੍ਰਾਪਤੀ ਲਈ ਮਿਹਨਤ ਕਰਨੀ ਚਾਹੀਦੀ ਹੈ।

## ਔਖੇ ਸ਼ਬਦਾਂ ਦੇ ਅਰਥ

ਡੇਰਾ — ਛਾਉਣੀ (Camp); ਚਾਨਣ — ਪ੍ਰਕਾਸ਼ (light); ਬੰਦਾ — ਮਨੁੱਖ (man); ਇਲਮ — ਗਿਆਨ (knowledge); ਨੇਰ੍ਹਾ — ਅੰਧਕਾਰ, ਹਨ੍ਹੇਰਾ (darkness); ਘੱਟੇ — ਮਿੱਟੀ (dust); ਮੁੱਲ — ਕੀਮਤ (value); ਅੰਗੂਠਾ ਛਾਪ — ਅਨਪੜ੍ਹ (illitrate); ਪਸ਼ੂ —ਜਾਨਵਰ (animal); ਕਲਮ — ਪੈੱਨ (pen); ਬੇਲੀ — ਸਾਥੀ (friend);



## ਆਓ ! ਯੋਗਤਾ ਪਰਖੀਏ

### ਮੌਖਿਕ ਪ੍ਰਸ਼ਨ (ORAL Q.)

(1) ਸ਼ੁੱਧ ਉਚਾਰਨ ਕਰੋ -

ਅਨਪੜ੍ਹਤਾ, ਹਨ੍ਹੇਰਾ, ਡੇਰਾ, ਇਲਮ, ਕੌਡੀ, ਕਾਗ਼ਜ਼।

(2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜ਼ੁਬਾਨੀ ਦਿਓ -

(ੳ) ਅਨਪੜ੍ਹ ਕਿਸਨੂੰ ਆਖਦੇ ਹਨ?

(ਅ) ਅਨਪੜ੍ਹ ਵਿਅਕਤੀ ਦੀ ਸੋਚ ਕਿਹੋ ਜਿਹੀ ਹੁੰਦੀ ਹੈ?

(ੲ) ਅਨਪੜ੍ਹਤਾ ਦਾ ਹਨ੍ਹੇਰਾ ਕਿਵੇਂ ਦੂਰ ਹੋ ਸਕਦਾ ਹੈ?

(ਸ) ਕੀ ਤੁਸੀਂ ਪੜ੍ਹਾਈ ਦੇ ਮਹੱਤਵ ਨੂੰ ਸਮਝਦੇ ਹੋ?